


## ਸਰੋਤ

211 ਸੈਕਰਾਮੈਂਟੋ ਰਿਸੋਰਸ ਡਾਇਰੈਕਟਰੀ
(211 Sacramento Resource Directory)
(916) 498 -1000
ਟੋਲ ਫ੍ਰੀ: 1(800) 500 -4931
TTY/TTD (916) 446 -1434

ਸੀਏ ਯੂਥ ਕ੍ਰਾਈਸਿਸ ਲਾਈਨ (CA Youth Crisis Line)
1-(800) 843-5200

ਨੈਸ਼ਨਲ ਸੁਸਾਈਡ ਹੌਟਲਾਈਨ (National Suicide Hotline)
1-(800) 273-8255

ਸੈਕਰਾਮੈਂਟੋ ਮੈਂਟਲ ਹੈਲਥ ਐਕਸੈੱਸ ਟੀਮ
(Sacramento Mental Health ACCESS Team)
(916) 875-1055 ਜਾਂ (888) 881-4481

ਲਾ ਫ਼ੈਮਿਲੀਆ ਕਾਉਂਸਲਿੰਗ ਸੈਂਟਰ
(La Familia Counseling Center)
(916) 452 -3601

ਐਲਕ ਗ੍ਰੋਵ ਫ਼ੂਡ ਬੈਂਕ (Elk Grove Food Bank)
(916) 685 -8453

ਸੈਕਰਾਮੈਂਟੋ ਫ਼ੂਡ ਬੈਂਕ/ਕਪੜਿਆਂ ਦੀਆਂ ਅਲਮਾਰੀਆਂ
(916) 456 -1980

ਵਿੰਡ ਯੂਥ ਸ਼ੈਲਟਰ (Wind Youth Shelter)
(916) 504-3313

ਸੈਕਰਾਮੈਂਟੋ ਕਾਉਂਟੀ ਦੇ ਐਮਰਜੈਂਸੀ ਫ਼ੈਮਿਲੀ ਸ਼ੈਲਟਰ
https://dhaservices.saccounty.net/efs

ਰੈਂਟਰਜ਼ ਹੈਲਪ ਲਾਈਨ (Renters Help Line)
(916) 389-7877

**ਐਲਕ ਗ੍ਰੋਵ ਯੂਨੀਫ਼ਾਈਡ ਸਕੂਲ ਡਿਸਟ੍ਰਿਕਟ**
**SAFE ਦਫ਼ਤਰ ਦੀਆਂ ਲੋਕੇਸ਼ਨਾਂ**

**ਵੈਲੀ ਹਾਈ ਸਕੂਲ (Valley High School)**
6300 Ehrhardt Ave
Sacramento Ca 95823
916 681-7577
ਫ਼ੈਕਸ 916 681-7578

**ਡੇਵਿਡ ਰੀਸ ਐਲੀਮੈਂਟਰੀ (David Reese Elementary)**
7600 Lindale Dr.
Sacramento Ca 95828
916 392-9081
ਫ਼ੈਕਸ 916 394-1634

**ਵਿਦਿਆਰਥੀ ਅਤੇ ਪਰਿਵਾਰਕ ਸ਼ਕਤੀਕਰਣ**
**(Student and Family Empowerment) ਦਫ਼ਤਰ**
**ਪ੍ਰੋਗਰਾਮ ਸਪੈਸ਼ਲਿਸਟ/ਬੇਘਰਿਆਂ ਲਈ ਤਾਲਮੇਲ**
ਟੈਮੀ ਸਿਲਵੇਰਾ (Tami Silvera)
Tsilvera@egusd.net

**ਵਿਦਿਆਰਥੀ ਸਹਿਯੋਗ ਅਤੇ ਸਿਹਤ ਸੇਵਾਵਾਂ**
**ਡਾਇਰੈਕਟਰ**
ਡੌਨ ਰੌਸ (Don Ross)
Dkross@egusd.net

**SAFE ਦਫ਼ਤਰ ਦੀ ਵੈੱਬਸਾਈਟ:**
www.egusd.net/StudentsFamilies/ResourcesSupports/Student-and-Family-Empowerment-Centers/index.html

# EGUSD **SAFE**

Office of Student and Family Empowerment



# EGUSD SAFE

Office of Student and Family Empowerment

## EGUSD ਦਾ ਸੁਫ਼ਨਾ

EGUSD ਵਿੱਚ ਸਾਡਾ ਸੁਫ਼ਨਾ ਹਰ ਵਿਦਿਆਰਥੀ ਨੂੰ ਹਰ ਕਲਾਸ ਵਿੱਚ, ਹਰ ਵਿਸ਼ੇ ਵਿੱਚ, ਹਰ ਰੋਜ਼ ਕਾਲਜ, ਕਰੀਅਰ ਅਤੇ ਜੀਵਨ ਲਈ ਤਿਆਰ ਕਰਨਾ ਹੈ।

## ਉਦੇਸ਼

ਵਿਦਿਆਰਥੀ ਅਤੇ ਪਰਿਵਾਰਕ ਸ਼ਕਤੀਕਰਣ ਦਫ਼ਤਰ ਦਾ ਉਦੇਸ਼ ਵਿਦਿਆਰਥੀਆਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਵਾਸਤੇ ਵਿਦਿਆਰਥੀਆਂ, ਉਹਨਾਂ ਦੇ ਪਰਿਵਾਰਾਂ ਅਤੇ ਕਮਿਊਨਿਟੀ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਦੇ ਹੋਏ ਸਿੱਖਿਆ ਤਕ ਪਹੁੰਚਣ ਵਿੱਚ ਅੜਚਣ ਪਾਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨਾ ਹੈ।

## ਟੀਚਾ

ਸਾਡਾ ਟੀਚਾ EGUSD ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਵਾਸਤੇ ਵਿਦਿਅਕ, ਸਿਹਤ, ਅਤੇ ਸਮਾਜਕ ਭਾਵਨਾਤਮਕ ਨਤੀਜਿਆਂ ਵਿੱਚ ਸੁਧਾਰ ਲਿਆਉਣਾ ਹੈ। ਅਸੀਂ ਆਰਥਿਕ ਮੁਸ਼ਕਲਾਂ, ਬੇਘਰੇਪਣ, ਭੋਜਨ ਦੀ ਅਸੁਰੱਖਿਆ, ਸਿਹਤ, ਦੰਦਾਂ ਸਬੰਧੀ, ਨਜ਼ਰ ਸਬੰਧੀ ਅਤੇ, ਮਾਨਸਿਕ ਸਿਹਤ ਸਬੰਧੀ ਚਿੰਤਾਵਾਂ, ਅਤੇ ਸਰੋਤਾਂ ਦੀ ਕਮੀ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਅਤੇ ਪਰਿਵਾਰਾਂ ਵਾਸਤੇ ਕੇਸ ਪ੍ਰਬੰਧਨ ਮੁਹੱਈਆ ਕਰਾ ਕੇ ਅਜਿਹਾ ਕਰਦੇ ਹਾਂ।

ਪ੍ਰੋਗਰਾਮ ਦੇ ਤਿੰਨ ਹਿੱਸੇ ਹਨ:

- **ਆਮ ਰੈਫ਼ਰਲ**
  ਭੋਜਨ ਜਾਂ ਕਪੜਿਆਂ ਦੀ ਅਲਮਾਰੀ, ਸਿਹਤ ਬੀਮੇ ਨਾਲ ਲਿੰਕ ਕੀਤੇ ਜਾਣ, ਸਲਾਹ-ਮਸ਼ਵਰੇ ਅਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਨਾਲ ਸੰਪਰਕ ਲਈ ਬੁਨਿਆਦੀ ਰੈਫ਼ਰਲ ਹਨ
- **ਬੇਘਰਿਆਂ ਲਈ ਸਿੱਖਿਆ ਪ੍ਰੋਗਰਾਮ**
  ਇਹ ਪ੍ਰੋਗਰਾਮ ਸਹਿਯੋਗ ਪਹੁੰਚਾਉਣ, ਦਾਖਲੇ ਲਈ ਸਮਰਥਨ, ਟ੍ਰਾਂਸਪੋਰਟੇਸ਼ਨ ਅਤੇ ਸਕੂਲੀ ਗਤੀਵਿਧੀਆਂ ਤੇ ਸਕੂਲ ਦੇ ਹੋਰਨਾਂ ਪ੍ਰੋਗਰਾਮਾਂ ਤਕ ਪਹੁੰਚ ਮੁਹੱਈਆ ਕਰਾਉਂਦਾ ਹੈ।
- **ਕਮਿਊਨਿਟੀ ਸਰੋਤ ਅਤੇ ਭਾਈਵਾਲੀਆਂ**
  ਕਮਿਊਨਿਟੀ ਭਾਈਵਾਲੀਆਂ SAFE ਦਫ਼ਤਰ ਦੇ ਯਤਨਾਂ ਲਈ ਅਤਿਅੰਤ ਅਹਿਮ ਹਨ ਅਤੇ ਇਹ ਉਹ ਲੋੜੀਂਦੇ ਸਰੋਤ ਮੁਹੱਈਆ ਕਰਾਉਂਦੀਆਂ ਹਨ ਜੋ ਉਂਝ ਪੂਰੇ ਨਾ ਹੁੰਦੇ।

## ਸਾਨੂੰ ਕੀ ਚੀਜ਼ ਵਿਲੱਖਣ ਬਣਾਉਂਦੀ ਹੈ?

- ਹਾਰਦਿਕ ਨਿੱਜੀ ਜਾਣ-ਪਛਾਣ ਦੇ ਨਾਲ ਕੇਸ ਪ੍ਰਬੰਧਨ
- ਸਮੁੱਚੇ ਰੂਪ ਵਿੱਚ ਬੱਚੇ ਅਤੇ ਪਰਿਵਾਰ ਦੀਆਂ ਵਿਸ਼ੇਸ਼ ਲੋੜਾਂ ਲਈ ਸੇਵਾਵਾਂ
- ਅਸੀਂ ਪਹੁੰਚਯੋਗ ਹਾਂ
- ਸਰੋਤ ਤੁਰੰਤ ਉਪਲਬਧ ਹਨ
- ਰੈਫ਼ਰ ਕਰਨ ਵਾਲੀ ਧਿਰ ਦੀਆਂ ਚਿੰਤਾਵਾਂ ਨੂੰ ਦੂਰ ਕਰਨਾ

## ਅਸੀਂ ਕੀ ਕਰਦੇ ਹਾਂ?

SAFE ਦਫ਼ਤਰ ਹੇਠਾਂ ਦੱਸੇ ਸਰੋਤ ਅਤੇ ਸਹਿਯੋਗ ਮੁਹੱਈਆ ਕਰਾ ਸਕਦਾ ਹੈ:

- ਯੋਗ ਵਿਦਿਆਰਥੀਆਂ ਨੂੰ ਸਕੂਲ ਵਿੱਚ ਦਾਖਲ ਕਰਾਉਣ ਵਿੱਚ ਮਦਦ
- ਬੈਕਪੈਕ ਅਤੇ ਸਕੂਲ ਸਪਲਾਈ
- ਸਕੂਲ ਆਉਣ-ਜਾਣ ਲਈ ਬੱਸ ਪਾਸ ਅਤੇ ਟ੍ਰਾਂਸਪੋਰਟੇਸ਼ਨ ਵਿੱਚ ਸਹਾਇਤਾ
- ਡੈਂਟਲ ਜਾਂ ਨਜ਼ਰ ਦੀ ਦੇਖਭਾਲ ਵਾਸਤੇ ਰੈਫ਼ਰਲ
- ਰਿਹਾਇਸ਼ ਅਤੇ ਸ਼ੈਲਟਰ ਸੇਵਾਵਾਂ ਲਈ ਰੈਫ਼ਰਲ

## ਸਾਡੀਆਂ ਸੇਵਾਵਾਂ ਤਕ ਕਿਵੇਂ ਪਹੁੰਚਿਆ ਜਾਵੇ

ਇਸ ਬਰੋਸ਼ਰ ਦੇ ਪਿਛਲੇ ਪਾਸੇ ਦਿੱਤੀਆਂ SAFE ਦਫ਼ਤਰਾਂ ਦੀਆਂ ਲੋਕੇਸ਼ਨਾਂ 'ਤੇ ਬੇਝਿਜਕ ਹੋ ਕੇ ਕਾਲ ਕਰੋ। ਅਸੀਂ ਚਾਹੁੰਦੇ ਹਾਂ ਕਿ ਰੈਫ਼ਰਲ ਨੂੰ ਪੂਰਾ ਕਰਕੇ ਸਾਨੂੰ ਈਮੇਲ ਕਰੋ ਤਾਂ ਜੋ ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਢੁਕਵੀਆਂ ਸੇਵਾਵਾਂ ਮੁਹੱਈਆ ਕਰਾਈਆਂ ਜਾ ਸਕਣ।







## ਬੇਘਰਿਆਂ ਲਈ ਸਿੱਖਿਆ

ਮੈਕਕਿੰਨੀ-ਵੈਂਟੋ ਕਾਨੂੰਨ (McKinney-Vento Act) ਬੇਘਰੇਪਣ ਨੂੰ ਅਜਿਹੇ ਵਿਅਕਤੀਆਂ ਦੇ ਰੂਪ ਵਿੱਚ ਪਰਿਭਾਸ਼ਤ ਕਰਦਾ ਹੈ ਜਿਹਨਾਂ ਕੋਲ ਆਰਥਿਕ ਤੰਗੀਆਂ ਜਾਂ ਜੀਵਨ ਦੇ ਹੋਰ ਮੁਸ਼ਕਲ ਹਾਲਾਤ ਕਰਕੇ ਅਕਸਰ ਰਾਤ ਲਈ ਇੱਕ ***ਸਥਿਰ, ਨਿਯਮਤ,*** *ਅਤੇ* ***ਉਚਿਤ*** *ਨਿਵਾਸ ਦੀ ਕਮੀ ਹੁੰਦੀ ਹੈ। ਇਸ ਪਰਿਭਾਸ਼ਾ ਵਿੱਚ ਸਕੂਲੀ ਉਮਰ ਦੇ ਉਹ ਬੱਚੇ ਵੀ ਸ਼ਾਮਲ ਹਨ ਜਿਹਨਾਂ ਕੋਲ ਰਾਤ ਲਈ ਨਿਵਾਸ ਹੁੰਦਾ ਹੈ ਜੋ:*

ਕਿਸੇ ਹੋਰ ਪਰਿਵਾਰ ਨਾਲ ਸਾਂਝਾ ਹੋਵੇ (ਕਿਸੇ ਹੋਰ ਦੇ ਘਰ ਰਹਿਣਾ)
ਕਿਸੇ ਸ਼ੈਲਟਰ ਜਾਂ ਪਰਿਵਰਤਨਸ਼ੀਲ ਰਿਹਾਇਸ਼ ਵਿੱਚ ਰਹਿਣਾ
ਅਸਥਾਈ ਤੌਰ 'ਤੇ ਕਿਸੇ ਮੋਟਲ ਜਾਂ ਹੋਟਲ ਵਿੱਚ ਰਹਿਣਾ
ਕਿਸੇ ਕਾਰ, ਪਾਰਕ, ਕੈਂਪਗ੍ਰਾਉਂਡ, ਛੱਡੀ ਹੋਈ ਇਮਾਰਤ, ਜਾਂ ਹੋਰ ਅਢੁਕਵੀਂ ਰਿਹਾਇਸ਼ ਵਿੱਚ ਰਹਿਣਾ

## ਵਿਦਿਆਰਥੀਆਂ ਦੇ ਅਧਿਕਾਰ

ਤੁਰੰਤ ਦਾਖਲਾ
ਉਸੇ ਸਕੂਲ/ਫ਼ੀਡਰ ਸਕੂਲ ਵਿੱਚ ਬਣੇ ਰਹਿਣ ਦਾ ਅਧਿਕਾਰ ਜਿੱਥੇ ਉਸਦਾ ਪਹਿਲਾਂ ਦਾਖਲਾ ਸੀ
ਟ੍ਰਾਂਸਪੋਰਟੇਸ਼ਨ ਵਿੱਚ ਸਹਿਯੋਗ
ਮੁਫ਼ਤ ਅਤੇ ਘਟੀ ਹੋਈ ਕੀਮਤ 'ਤੇ ਦੁਪਹਿਰ ਦਾ ਖਾਣਾ
ਬੇਘਰਿਆਂ ਲਈ ਤਾਲਮੇਲ ਸਹਾਇਤਾ
FAPE (ਮੁਫ਼ਤ ਢੁਕਵੀਂ ਜਨਤਕ ਸਿੱਖਿਆ) ਵਿੱਚ ਸਾਰੀਆਂ ਅੜਚਣਾਂ ਨੂੰ ਦੂਰ ਕਰਨਾ
ਦਾਖਲਾ ਅਤੇ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ

## ਆਮ ਤੌਰ 'ਤੇ ਲੋੜੀਂਦੇ ਦਸਤਾਵੇਜ਼ਾਂ ਦੇ ਬਗੈਰ ਦਾਖਲਾ ਜਿਵੇਂ ਕਿ:

ਰਿਹਾਇਸ਼ ਦਾ ਸਬੂਤ (ਮੌਰਗੇਜ ਜਾਂ ਕਿਰਾਏ ਦਾ ਸਮਝੌਤਾ)
ਜਨਮ ਪ੍ਰਮਾਣ-ਪੱਤਰ
ਟੀਕਾਕਰਣ ਰਿਕਾਰਡ
ਸਕੂਲ ਦੇ ਰਿਕਾਰਡ
ਕਨੂੰਨੀ ਸਰਪ੍ਰਸਤੀ ਦੇ ਕਾਗਜ਼